BRAMPTON Flower City
brampton.ca

media release

26 ਫਰਵਰੀ, 2019

# ਬ੍ਰੈਂਪਟਨ ਦੇ 2019-2021 ਦੇ ਪ੍ਰਸਤਾਵਿਤ ਬਜਟ ਦਾ ਉਦੇਸ਼ ਅਰਥਚਾਰੇ ਅਤੇ ਜੀਵਨ ਕੁਆਲਿਟੀ ਨੂੰ ਵਧਾਉਣਾ ਹੈ

ਬ੍ਰੈਂਪਟਨ, ਓਨਟੈਰੀਓ (26 ਫਰਵਰੀ, 2019) – ਇੱਕ ਵੱਡੇ ਅਰਬਨ ਪਲੇਅਰ ਦੇ ਤੌਰ ਤੇ ਗਤੀ ਨੂੰ ਵਧਾਉਂਦੇ ਹੋਏ, ਬ੍ਰੈਂਪਟਨ ਦਾ 2019-2021 ਦਾ ਪ੍ਰਸਤਾਵਿਤ ਬਜਟ (Brampton's 2019-2021 Proposed Budget) ਅਰਥਚਾਰੇ ਵਿੱਚ ਵਾਧੇ ਲਈ ਮੌਕੇ ਪੈਦਾ ਕਰਨ, ਅਜਿਹੇ ਸਰਬੋਤਮ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਨ, ਜੋ ਜੀਵਨ ਕੁਆਲਿਟੀ ਵਿੱਚ ਯੋਗਦਾਨ ਪਾਉਣ, ਅਤੇ ਵਧੀਆ ਸੰਚਾਲਿਤ ਹੋਣ ਵਾਲੇ ਸ਼ਹਿਰ ਦੇ ਤੌਰ ਤੇ ਸਮਰੱਥਤਾਵਾਂ ਨੂੰ ਜਾਰੀ ਰੱਖਣ ਤੇ ਧਿਆਨ ਕੇਂਦਰਿਤ ਕਰਦਾ ਹੈ।

ਸਿਟੀ ਆਫ ਬ੍ਰੈਂਪਟਨ ਨੇ ਜਨਤਕ ਸਮੀਖਿਆ ਅਤੇ ਟਿੱਪਣੀਆਂ ਲਈ ਆਪਣਾ 2019-2021 ਦਾ ਪ੍ਰਸਤਾਵਿਤ ਬਜਟ ਜਾਰੀ ਕੀਤਾ ਹੈ।

ਪ੍ਰਾਪਤ ਹੋਣ ਵਾਲੇ ਸਾਰੇ ਸੁਝਾਵਾਂ ਤੇ 18 ਮਾਰਚ ਨੂੰ ਸ਼ੁਰੂ ਹੋਣ ਵਾਲੀਆਂ ਬਜਟ ਸਬੰਧੀ ਚਰਚਾਵਾਂ ਦੇ ਦੌਰਾਨ ਵਿਚਾਰ ਕੀਤਾ ਜਾਏਗਾ, ਜਿਸਨੂੰ 27 ਮਾਰਚ ਨੂੰ ਸਿਟੀ ਕਾਉਂਸਿਲ ਵੱਲੋਂ ਅੰਤਿਮ ਮਨਜ਼ੂਰੀ ਦਿੱਤੀ ਜਾਏਗੀ।

**2019-2021 ਦੇ ਪ੍ਰਸਤਾਵਿਤ ਬਜਟ (2019-2021 Proposed Budget) ਦੀਆਂ ਝਲਕੀਆਂ**

- ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੇ ਫਲੀਟ ਵਿੱਚ 46 ਪਰੰਪਰਿਕ ਬੱਸਾਂ ਅਤੇ 25 ਜ਼ੂਮ (Züm) ਬੱਸਾਂ ਸ਼ਾਮਲ ਕਰਦੇ ਹੋਏ, ਇਸਨੂੰ ਤਿੰਨ ਸਾਲਾਂ ਵਿੱਚ 16 ਪ੍ਰਤੀਸ਼ਤ ਤੱਕ ਵਧਾਉਣਾ।
- ਨੌਰਥਵੈਸਟ ਬ੍ਰੈਂਪਟਨ (Northwest Brampton) ਵਿੱਚ ਇੱਕ ਨਵੇਂ ਫਾਇਰ ਸਟੇਸ਼ਨ ਦੀ ਉਸਾਰੀ ਕਰਨਾ; ਵੱਧ ਭਰੋਸੇਮੰਦ ਪ੍ਰਤੀਕਿਰਿਆ ਵਾਲੀ ਫਾਇਰ ਫੋਰਸ ਲਈ ਅੱਗ ਦੇ ਵਿਗਿਆਨਕ ਯੰਤਰਾਂ ਅਤੇ ਉਪਕਰਨਾਂ ਨੂੰ ਅੱਪਡੇਟ ਕਰਨਾ।
- ਕ੍ਰਿਸ ਗਿਬਸਨ (Chris Gibson), ਹੋਡੇਨ (Howden) ਅਤੇ ਬਾਲਮੋਰਲ (Balmoral) ਰੇਕ੍ਰੀਏਸ਼ਨ ਸੈਂਟਰਾਂ ਨੂੰ ਪੁਨਰਜੀਵਿਤ ਕਰਨਾ; ਚਿੰਗਕੂਜ਼ੀ ਵੈੱਲਨੈਸ ਸੈਂਟਰ (Chinguacousy Wellness Centre) ਨੂੰ ਅੱਪਗ੍ਰੇਡ ਕਰਨਾ; ਰਿਵਰਸਟੋਨ ਗੋਲਫ ਕਲੱਬ (Riverstone Golf Club) ਨੂੰ 34,000 ਸਕਵੇਅਰ ਫੁੱਟ ਦੇ ਕਮਿਉਨਿਟੀ ਸੈਂਟਰ (Community Centre) ਵਿੱਚ ਬਦਲਣਾ।
- ਨਵਾਂ ਮਾਰਕੀਟਿੰਗ ਅਤੇ ਫੋਰੇਨ ਡਾਇਰੈਕਟ ਇਨਵੈਸਟਮੈਂਟ (ਐਫ.ਡੀ.ਆਈ.) (Foreign Direct Investment) (FDI) ਪ੍ਰੋਗਰਾਮ; ਅਤੇ ਬ੍ਰੈਂਪਟਨ ਦੇ ਆਰਥਿਕ ਵਿਕਾਸ ਦੇ ਮਾਸਟਰ ਪਲਾਨ (Brampton's Economic Development Master Plan) ਵਿੱਚ ਪਛਾਣੇ ਗਏ ਅਰਥਚਾਰਾ ਸੈਕਟਰਾਂ ਨੂੰ ਉਤਸ਼ਾਹਿਤ ਕਰਨ ਲਈ ਕਮਿਉਨਿਟੀ ਇੰਪਰੂਵਮੈਂਟ ਪ੍ਰੋਗਰਾਮ (Community Improvement Program) ਤਿਆਰ ਕਰਨਾ
- ਸੈਂਟਰ ਫਾਰ ਇਨੋਵੇਸ਼ਨ ਐਂਡ ਕਨੈਕਟਿਡ ਲਰਨਿੰਗ (Centre for Innovation and Connected Learning) ਸਥਾਪਤ ਕਰਨ ਦੇ ਪ੍ਰਤੀ ਕੰਮ ਕਰਨਾ।
- ਰਿਵਰਵਾਕ (Riverwalk) ਪ੍ਰੋਜੈਕਟ ਲਈ ਐਨਵਾਇਰਨਮੈਂਟ ਅਸੈਸਮੈਂਟ ਐਂਡ ਅਰਬਨ ਡਿਜ਼ਾਈਨ ਮਾਸਟਰ ਪਲਾਨ (Environmental Assessment and Urban Design Master Plan) ਲਾਗੂ ਕਰਨਾ।
- ਭਵਿੱਖ ਵਿੱਚ ਟ੍ਰਾਂਜ਼ਿਟ ਵਿੱਚ ਵਾਧੇ ਦੀਆਂ ਲੋੜਾਂ ਵਾਸਤੇ ਫੰਡਿੰਗ ਦਾ ਸਮਰਪਿਤ, ਸਥਿਰ ਸਰੋਤ ਮੁਹੱਈਆ ਕਰਨ ਲਈ ਇੱਕ ਪ੍ਰਤੀਸ਼ਤ ਟ੍ਰਾਂਜ਼ਿਟ ਸਮਰਪਿਤ ਕਰ (Transit Dedicated Levy) (ਔਸਤ ਸਾਲਾਨਾ ਟੈਕਸ ਬਿਲ ਤੇ $23 ਦੇ ਬਰਾਬਰ) ਪੇਸ਼ ਕਰਨਾ।

ਇੰਫਰਾਸਟ੍ਰਕਚਰ ਕਰ ਅਤੇ ਪ੍ਰਸਤਾਵਿਤ ਟ੍ਰਾਂਜ਼ਿਟ ਕਰ ਦੇ ਨਾਲ ਵੀ, ਸਿਟੀ ਦੇ ਹਿੱਸੇ ਦਾ 0.8 ਪ੍ਰਤੀਸ਼ਤ ਦਾ ਕੁੱਲ ਬਜਟ ਵਾਧਾ 20 ਸਾਲਾਂ ਵਿੱਚ ਲਗਭਗ ਸਭ ਤੋਂ ਘੱਟ ਹੈ। 2019 ਵਿੱਚ ਟੈਕਸਪੇਅਰ ਦੇ ਟੈਕਸ ਬਿਲ ਵਿੱਚ 1.4 ਪ੍ਰਤੀਸ਼ਤ ਦਾ ਸੰਯੁਕਤ ਪ੍ਰਾਪਰਟੀ ਟੈਕਸ ਦਾ ਵਾਧਾ ਹੋਵੇਗਾ। ਇਸ ਵਿੱਚ ਸ਼ਾਮਲ ਹਨ, ਸਿਟੀ (0.3%), ਰੀਜਨ ਆਫ ਪੀਲ (Region of Peel) (1.1%) ਅਤੇ ਸਕੂਲ ਬੋਰਡਾਂ (School Boards) (0%) ਵੱਲੋਂ ਕੀਤੇ ਟੈਕਸ ਵਾਧੇ।

**ਜਨਤਕ ਸੁਝਾਅ ਦੇ ਮੌਕੇ**

- ਔਨਲਾਈਨ ਸੰਪਰਕ ਫਾਰਮ (online contact form) ਵਰਤਦੇ ਹੋਏ ਸਵਾਲ ਪੁੱਛੋ ਜਾਂ ਟਿੱਪਣੀ ਮੁਹੱਈਆ ਕਰੋ ਜਾਂ 2019Budget@brampton.ca ਤੇ ਈਮੇਲ ਕਰੋ।
- ਆਪਣਾ ਸਵਾਲ ਪ੍ਰਸਤੁਤ ਕਰਨ ਲਈ 311 ਤੇ ਕਾਲ ਕਰੋ।
- 4 ਮਾਰਚ ਨੂੰ ਸ਼ਾਮ 6 ਤੋਂ 7 ਵਜੇ ਤੱਕ ਟੈਲੀਫੋਨ ਟਾਊਨ ਹਾਲ (Telephone Town Hall) ਵਿੱਚ ਹਿੱਸਾ ਲਓ, ਜਿੱਥੇ ਫੋਨ ਨੰਬਰਾਂ ਦੀ ਬੇਤਰਤੀਬ ਚੋਣ ਕਰਕੇ ਕਾਲਾਂ ਕੀਤੀਆਂ ਜਾਣਗੀਆਂ। ਕਾਲ ਸੂਚੀ ਵਿੱਚ ਆਪਣਾ ਫੋਨ ਨੰਬਰ ਸ਼ਾਮਲ ਕਰਨ ਲਈ 3 ਮਾਰਚ ਤੱਕ ਸਿਟੀ ਦੀ ਵੈਬਸਾਈਟ ਤੇ ਸਾਈਨ ਅਪ ਕਰੋ (sign up on the City website by March 3)।

- 18 ਮਾਰਚ ਨੂੰ (ਸਵੇਰੇ 9:30 ਵਜੇ ਤੋਂ ਸ਼ਾਮ 5 ਵਜੇ ਤੱਕ) ਅਤੇ 20 ਮਾਰਚ ਨੂੰ (ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 7 ਵਜੇ ਤੱਕ) ਸਿਟੀ ਹਾਲ (City Hall) ਵਿੱਚ ਬਜਟ ਕਮੇਟੀ (Budget Committee) ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਵੋ। ਵਾਧੂ ਤਾਰੀਖਾਂ 25 ਮਾਰਚ (ਸਵੇਰੇ 9:30 ਵਜੇ ਤੋਂ ਦੁਪਹਿਰ 12 ਵਜੇ ਤੱਕ) ਅਤੇ 26 ਮਾਰਚ (ਸਵੇਰੇ 9:30 ਵਜੇ ਤੋਂ ਸ਼ਾਮ 5 ਵਜੇ ਤੱਕ) ਹਨ।
- 27 ਮਾਰਚ ਨੂੰ (ਸ਼ਾਮ 7-10 ਵਜੇ) ਸਪੈਸ਼ਲ ਕਾਉਂਸਿਲ (Special Council) ਮੀਟਿੰਗ ਵਿੱਚ ਸ਼ਾਮਲ ਹੋਵੋ, ਜਦੋਂ ਸਿਟੀ ਕਾਉਂਸਿਲ ਬਜਟ ਨੂੰ ਮਨਜ਼ੂਰੀ ਦੇਣ ਲਈ ਤਿਆਰ ਹੋਵੇਗੀ।
- ਬਜਟ ਕਮੇਟੀ ਜਾਂ ਬਜਟ ਮਨਜ਼ੂਰੀ ਕਾਉਂਸਿਲ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਪ੍ਰਤੀਨਿਧੀ ਮੰਡਲ ਬੇਨਤੀ (delegation request) ਪ੍ਰਸਤੁਤ ਕਰੋ।

**ਹਵਾਲਾ**

"ਬ੍ਰੈਂਪਟਨ ਤੀਬਰ ਵਾਧਾ ਦੇਖ ਰਿਹਾ ਹੈ ਅਤੇ ਅਜਿਹਾ ਬਜਟ ਦੇਣਾ ਸਾਡੀ ਜ਼ਿੰਮੇਵਾਰੀ ਹੈ, ਜਿਸ ਵਿੱਚ ਟੈਕਸ ਭੁਗਤਾਨ ਕਰਨ ਵਾਲਿਆਂ ਦੇ ਮਹੱਤਵ ਨੂੰ ਵਧਾਉਂਦੇ ਹੋਏ, ਵਾਧੇ ਦੀਆਂ ਮੰਗਾਂ ਲਈ ਉਚਿਤ ਰੂਪ ਨਾਲ ਯੋਜਨਾ ਬਣਾਈ ਗਈ ਹੋਵੇ। ਪ੍ਰਸਤਾਵਿਤ ਕੁੱਲ ਬਜਟ ਵਾਧੇ ਦਾ ਸਿਟੀ ਦਾ ਹਿੱਸਾ ਲਗਭਗ 20 ਸਾਲਾਂ ਵਿੱਚ ਸਭ ਤੋਂ ਘੱਟ ਹੈ, ਪਰੰਤੂ ਤਦ ਵੀ ਇਹ ਸੇਵਾਵਾਂ, ਪ੍ਰੋਗਰਾਮਾਂ ਅਤੇ ਸਹੂਲਤਾਂ ਦੀ ਵਿਸਤ੍ਰਿਤ ਲੜੀ ਪੇਸ਼ ਕਰਦਾ ਹੈ। ਬਜਟ ਸਬੰਧੀ ਚਰਚਾਵਾਂ ਲਈ ਜਨਤਕ ਸੁਝਾਅ ਮਹੱਤਵਪੂਰਨ ਹਨ ਅਤੇ ਅਸੀਂ ਨਿਵਾਸੀਆਂ, ਕਾਰੋਬਾਰੀਆਂ ਅਤੇ ਭਾਈਚਾਰਕ ਸਮੂਹਾਂ ਦਾ ਸੁਆਗਤ ਕਰਦੇ ਹਾਂ ਕਿ ਉਹ ਕਾਉਂਸਿਲ ਨੂੰ ਸੂਚਿਤ ਕਰਨ ਵਿੱਚ ਮਦਦ ਕਰਨ, ਕਿਉਂਕਿ ਅਸੀਂ 18 ਮਾਰਚ ਨੂੰ ਬਜਟ ਸਬੰਧੀ ਚਰਚਾਵਾਂ ਸ਼ੁਰੂ ਕਰ ਰਹੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

media release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca